55-ਅਵਾਰਡ ਟੂ ਐਸ.ਸੀ. ਸਪੋਰਟਸ ਸਟੂਡੈਂਟਸ (6ਵੀਂ ਤੋਂ 12ਵੀਂ ਕਲਾਸਿਜ਼) ਨੂੰ ਇਨਾਮ ਦੇਣ ਦੀ ਸਕੀਮ (ਸਟੇਟ ਪਲਾਨ ਸਕੀਮ) ਅਧੀਨ ਸਾਲ 2013-14 ਦੌਰਾਨ ਰਾਸ਼ੀ ਰਲੀਜ਼ ਕਰਨ ਬਾਰੇ।

ਇਸ ਸਕੀਮ ਨੂੰ ਸ਼ੁਰੂ ਕਰਨ ਦਾ ਮੁੱਖ ਟੀਚਾ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀਆਂ ਲਈ ਖੇਡਾਂ ਦੇ ਖੇਤਰ ਵਿੱਚ ਮੁਕਾਬਲੇ ਦੀ ਭਾਵਨਾ ਪੈਦਾ ਕਰਨਾ ਹੈ। ਇਹ ਸਕੀਮ ਸਾਲ 1990-91 ਵਿੱਚ ਸ਼ੁਰੂ ਕੀਤੀ ਗਈ ਸੀ।

ਇਸ ਸਕੀਮ ਅਧੀਨ ਹਰ ਇੱਕ ਵਿੱਦਿਅਕ ਬਲਾਕ ਪੱਧਰ ਤੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀ, ਜਿਹੜੇ ਖੇਡਾਂ ਵਿੱਚ ਅੱਛੀ ਯੋਗਤਾ ਰੱਖਦੇ ਹਨ; ਉਨ੍ਹਾਂ ਵਿੱਚ ਪ੍ਰਾਇਮਰੀ, ਮਿਡਲ ਅਤੇ ਹਾਈ ਸਕੂਲ ਪੱਧਰ ਤੇ, ਪਹਿਲੀ,ਦੂਜੀ ਅਤੇ ਤੀਜੀ ਪੁਜ਼ੀਸ਼ਨ ਹਾਸਲ ਕਰਦੇ, ਤਿੰਨ ਲੜਕੇ ਅਤੇ ਤਿੰਨ ਲੜਕੀਆਂ ਨੂੰ ਹਰ ਇੱਕ ਵਿੱਦਿਅਕ ਪੱਧਰ ਤੇ ਇਸ ਸਕੀਮ ਤਹਿਤ ਲਾਭ ਦਿੱਤਾ ਜਾਂਦਾ ਹੈ। ਪੰਜਾਬ ਸਰਕਾਰ ਭਲਾਈ ਵਿਭਾਗ ਦੇ ਮੀਮੋ ਨੰ: 3/66/12-ਐਸ.ਏ.1/382, ਮਿਤੀ 21-3-2013 ਰਾਂਹੀਂ ਇਸ ਸਕੀਮ ਦੇ ਹੇਠ ਲਿਖੇ ਅਨੁਸਾਰ ਅਵਾਰਡ ਦੀ ਰਾਸ਼ੀ ਵਿੱਚ ਵਾਧਾ ਕੀਤਾ ਗਿਆ ਹੈ:-

| ਲ:ਨੰ: | ਲੈਵਲ | ਵਾਧੇ ਉਪਰੰਤ ਅਵਾਰਡ ਦੀ ਰਾਸ਼ੀ |
|---|---|---|
| 1. | ਪ੍ਰਾਇਮਰੀ ਪੱਧਰ | 500/- ਰੁ: ਪ੍ਰਤੀ ਸਾਲ |
| 2. | ਮਿਡਲ ਪੱਧਰ | 750/-ਰੁ: ਪ੍ਰਤੀ ਸਾਲ |
| 3. | ਹਾਇਰ ਸੈਕੰਡਰੀ | 1000/- ਰੁ: ਪ੍ਰਤੀ ਸਾਲ |

ਇਹ ਸਕੀਮ ਸਿੱਖਿਆ ਵਿਭਾਗ ਰਾਹੀਂ ਲਾਗੂ ਕੀਤੀ ਜਾਂਦੀ ਹੈ। ਹਰ ਇੱਕ ਸਿੱਖਿਆ ਬਲਾਕ ਵਿੱਚ ਤਿੰਨ ਲੜਕੇ ਅਤੇ ਤਿੰਨ ਲੜਕੀਆਂ ਨੂੰ 6ਵੀਂ ਤੋਂ 8ਵੀਂ ਅਤੇ 10ਵੀਂ ਤੋਂ 10+1 ਅਤੇ 10+2 ਕਲਾਸਾਂ ਵਿੱਚ ਪੜ੍ਹਨ ਸਮੇ. ਕ੍ਰਮਵਾਰ 3 ਸਾਲ, 2 ਸਾਲ ਅਤੇ 2 ਸਾਲ ਲਗਾਤਾਰ ਇਨਾਮ ਦਿੱਤਾ ਜਾਂਦਾ ਹੈ।